Vigilance Bureau Punjab

# Vigilance registers case against Head Master, President School Management Committee for embezzlement in funds

Chandigarh, October 10:

Punjab Vigilance Bureau registered a case against Head Master and President Management Committee of a School for embezzlement of Government funds by misusing his official position.

Disclosing this here today, an official spokesperson of the Vigilance Bureau said Head Master Sandeep Kumar Chabra and President Management Committee of National Model Middle School, Patti, Taran Taran district Veena Kumari had opened fake bank accounts on the basis of forged documents in the name of those teachers who had already left the school.

He further said during investigation it has came to light that Sandeep Kumar Chabra was transferring this ill gotten money to his bank account through cheques. The spokesperson added that the investigation officer cum Principal Harbhagwant Singh posted at DIET Verka, Amritsar had conducted inspection of this school and found many irregularities in the drawing and disbursing of salaries to the school staff.

The spokesperson further added that as per the reports obtained from Punjab Education department, Vigilance Bureau has registered a case against the accused Head Master Sandeep Kumar Chabra, President of School Management Committee Veena Kumari including former members and Principal posted in this school during different times besides employees of Central cooperative Bank, Taran Taran.

He informed that a case has been registered at VB police station Amritsar u/s 409, 420,465, 467, 468, 471, 120-B of IPC and 13(1)A of PC Act 1988 to probe the allegations of embezzlement of government funds and further investigation was under progress.

---------------------

ਵਿਜੀਲੈਂਸ ਬਿਊਰੋ, ਪੰਜਾਬ

## ਵਿਜੀਲੈਂਸ ਵੱਲੋਂ ਫੰਡਾਂ ਦੀ ਹੇਰਾ-ਫੇਰੀ ਦੇ ਮਾਮਲੇ ਵਿੱਚ ਹੈੱਡ ਮਾਸਟਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਖਿਲਾਫ਼ ਮਾਮਲਾ ਦਰਜ

ਚੰਡੀਗੜ, 10 ਅਕਤੂਬਰ

ਪੰਜਾਬ ਵਿਜੀਲੈਂਸ ਬਿਊਰੋ ਨੇ ਸਕੂਲ ਦੇ ਹੈੱਡ ਮਾਸਟਰ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਖਿਲਾਫ਼ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਸਰਕਾਰੀ ਫੰਡਾਂ ਵਿੱਚ ਹੇਰਾ-ਫੇਰੀ ਕਰਨ ਦਾ ਮਾਮਲਾ ਦਰਜ ਕੀਤਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਹੈੱਡ ਮਾਸਟਰ ਸੰਦੀਪ ਕੁਮਾਰ ਛਾਬੜਾ ਅਤੇ ਨੈਸ਼ਨਲ ਮਾਡਲ ਮਿਡਲ ਸਕੂਲ, ਪੱਟੀ, ਜ਼ਿਲਾ ਤਰਨ ਤਾਰਨ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਵੀਨਾ ਕੁਮਾਰੀ ਨੇ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ ‘ਤੇ ਸਕੂਲ ਛੱਡ ਚੁੱਕੇ ਅਧਿਆਪਕਾਂ ਦੇ ਨਾਂਅ ‘ਤੇ ਜਾਅਲੀ ਬੈਂਕ ਖ਼ਾਤੇ ਖੁਲਵਾਏ ਹੋਏ ਸਨ।

ਉਨਾ ਅੱਗੇ ਦੱਸਿਆ ਕਿ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਸੰਦੀਪ ਕੁਮਾਰ ਛਾਬੜਾ ਗੈਰ ਕਾਨੂੰਨੀ ਢੰਗ ਨਾਲ ਕਮਾਏ ਇਸ ਪੈਸੇ ਨੂੰ ਚੈੱਕਾਂ ਜ਼ਰੀਏ ਆਪਣੇ ਬੈਂਕ ਖਾਤੇ ਵਿੱਚ ਤਬਦੀਲ ਕਰਦਾ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਅਧਿਕਾਰੀ ਕਮ ਪ੍ਰਿਸੀਪਲ ਹਰਭਗਵੰਤ ਸਿੰਘ, ਜੋ ਕਿ ਡੀ.ਆਈ.ਈ.ਟੀ. (ਡਾਈਟ) ਵੇਰਕਾ, ਅੰਮ੍ਰਿਤਸਰ ਵਿਖੇ ਤੈਨਾਤ ਹਨ, ਨੇ ਇਸ ਸਕੂਲ ਦੀ ਜਾਂਚ ਕੀਤੀ ਅਤੇ ਜਾਂਚ ਦੌਰਾਨ ਸਕੂਲ ਸਟਾਫ਼ ਨੂੰ ਤਨਖ਼ਾਹਾਂ ਦੇਣ ਅਤੇ ਕਢਵਾਉਣ ਸਬੰਧੀ ਕਈ ਊਣਤਾਈਆਂ ਪਾਈਆਂ ਗਈਆਂ। ਬੁਲਾਰੇ ਨੇ ਦੱਸਿਆ ਕਿ ਪੰਜਾਬ ਸਿੱਖਿਆ ਵਿਭਾਗ ਪਾਸੋਂ ਪ੍ਰਾਪਤ ਪੜਤਾਲੀਆ ਰਿਪੋਰ ਦੇ ਅਧਾਰ ਉਤੇ ਵਿਜੀਲੈਂਸ ਬਿਊਰੋ ਨੇ ਮੁਲਜ਼ਮ ਹੈੱਡ ਮਾਸਟਰ ਸੰਦੀਪ ਕੁਮਾਰ ਛਾਬੜਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀਨਾ ਕੁਮਾਰੀ ਸਮੇਤ ਵੱਖ ਵੱਖ ਸਮੇਂ ‘ਤੇ ਇਸ ਸਕੂਲ ਵਿੱਚ ਤੈਨਾਤ ਰਹੇ ਪ੍ਰਿਸੀਪਲ ਅਤੇ ਸਾਬਕਾ ਮੈਂਬਰਾਂ ਤੋਂ ਇਲਾਵਾ ਕੇਂਦਰੀ ਸਹਿਕਾਰੀ ਬੈਂਕ, ਤਰਨ ਤਾਰਨ ਦੇ ਕਰਮਚਾਰੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ।

ਉਨਾਂ ਦੱਸਿਆ ਕਿ ਸਰਕਾਰੀ ਫੰਡਾਂ ਵਿੱਚ ਹੇਰਾ-ਫੇਰੀ ਕਰਨ ਦੇ ਦੋਸ਼ਾਂ ਹੇਠ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਧਾਰਾ 409, 420, 465, 467, 468, 471, ਆਈ.ਪੀ.ਸੀ. ਦੀ ਧਾਰਾ 120-ਬੀ ਅਤੇ ਪੀ.ਸੀ. ਐਕਟ 1988 ਦੀ ਧਾਰਾ 13 (1) ਏ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਕਾਰਵਾਈ ਅਧੀਨ ਹੈ।

-----------